# ਭਾਸ਼ਾ ਤੇ ਸਾਹਿਤ ਦਾ ਸੰਬੰਧ

ਡਾਕਟਰ ਅਨੀਤਾ, ਐਸੋਸੀਏਟ ਪ੍ਰੋਫੈਸਰ, ਸਰਕਾਰੀ ਕਾਲਜ, ਸਰਸਾ

ਭਾਸ਼ਾ ਅਤੇ ਸਾਹਿਤ ਦੇ ਅੰਤਰ ਸਬੰਧਾਂ ਨੂੰ ਜਾਣਨ ਤੋਂ ਪਹਿਲਾਂ ਭਾਸ਼ਾ ਅਤੇ ਸਾਹਿਤ ਨੂੰ ਅਲੱਗ-ਅਲੱਗ ਜਾਣਨਾ ਬਹੁਤ ਜਰੂਰੀ ਹੈ। ਭਾਸ਼ਾ ਇੱਕ ਅਤਿ ਜਟਿਲ,ਸੂਖਮ ਅਤੇ ਗਹਿਨ ਹੋਂਦ ਹੈ ।ਭਾਸ਼ਾ ਸਰਬ ਵਿਆਪਕ ਹੁੰਦੀ ਹੋਈ ਵੀ ਅਕੱਥ ਅਤੇ ਅਕਹਿ ਹੈ। ਭਾਸ਼ਾ ਵਿਗਿਆਨ ਦਾ ਕੋਈ ਇਕੱਲਾ ਕਹਿਰਾ ਸਿਸਟਮ ਭਾਸ਼ਾ ਦੇ ਸਾਰੇ ਪਹਿਲੂਆਂ ਦੀ ਨਾਂ ਤਾਂ ਵਿਆਖਿਆ ਕਰ ਸਕਦਾ ਹੈ ਅਤੇ ਨਾ ਹੀ ਵਰਨਨ। ਭਾਸ਼ਾ ਲੋਕ ਜੀਵਨ ਪ੍ਰਮੁੱਖ ਵਾਹਨ ਹੈ। ਲੋਕ ਜੀਵਨ ਵਿੱਚ ਹਰ ਇੱਕ ਬੰਦੇ ਦਾ ਵਾਹ ਭਾਸ਼ਾ ਨਾਲ ਪੈਂਦਾ ਹੈ। ਭਾਸ਼ਾ ਮਨੁੱਖ ਅਤੇ ਸਮਾਜ ਅਜਿਹੇ ਤੱਤ ਹਨ , ਜਿਹਨਾ ਵਿੱਚੋਂ ਕਿਸੇ ਨੂੰ ਵੀ ਨਿਖੇੜਿਆ ਨਹੀਂ ਜਾ ਸਕਦਾ।ਭਾਸ਼ਾ ਮਨੁੱਖ ਨੂੰ ਪਸ਼ੂਆਂ ਨਾਲੋਂ ਨਿਖੇੜਦੀ ਹੈ। ਭਾਸ਼ਾ ਨਾਲ ਹੀ ਮਨੁੱਖ ਆਪਣੇ ਮਨ ਦੇ ਭਾਵ ਇਕ ਦੂਜੇ ਨਾਲ ਸਾਂਝੇ ਕਰਦਾ ਹੈ।

ਭਾਸ਼ਾ ਸ਼ਬਦ ਦੀ ਨਿਰੁਕਤੀ ਸੰਸਕ੍ਰਿਤ ਧਾਤੂ 'ਭਾਸ'ਤੋਂ ਹੋਈ ਹੈ ਜਿਸ ਦਾ ਅਰਥ ਹੈ ਬੋਲਣਾ, ਕਹਿਣਾ, ਸੰਬੋਧਨ ਕਰਨਾ, ਵਾਰਤਾਲਾਪ ਕਰਨਾ। ਸੋ ਇਸੇ ਭਾਸ਼ਾ ਦਾ ਸ਼ਬਦਾਰਥ ਹੋਇਆ ਉਹ ਕਿਰਿਆ ਜਾ ਕਰਮ,ਜੋ ਭਾਖਿਆ ਜਾਵੇ ਜਾਂ ਬੋਲਿਆ ਜਾਵੇ। ਭਾਸ਼ਾ ਜੀਭ ਰਾਹੀਂ ਉਤਪੰਨ ਬੋਲਾਂ ਦਾ ਸਮੂਹ ਹੈ।

ਰੀਵਜ਼ ਅਨੁਸਾਰ-

'ਭਾਸ਼ਾ ਇੱਕ ਮਾਧਿਅਮ ਹੈ, ਜਿਸ ਦੁਆਰਾ ਇੱਛਾਵਾਂ ਤੇ
ਵਿਚਾਰ ਪ੍ਰਗਟਾਏ ਜਾਂਦੇ ਹਨ ਅਤੇ ਨਿਜੀ ਤੌਰ ਤੇ ਜਾਂ ਅਨਿਜੀ ਤੌਰ ਤੇ ਅਨੁਭਵ ਕੀਤੇ ਤੱਥ ਪ੍ਰਗਟ ਕੀਤੇ ਜਾਂਦੇ ਹਨ।'

ਬਲਾਕ ਅਤੇ ਟਰੈਗਰ ਅਨੁਸਾਰ-

'ਭਾਸ਼ਾ ਆਪ ਹੁਦਰੇ ਧੁਨੀ ਜਿਨਾਂ ਦਾ ਪ੍ਰਬੰਧ ਹੈ।'

ਜੈਸਪਰਸਨ ਅਨੁਸਾਰ-

'ਭਾਸ਼ਾ ਇੱਕ ਮਨੁੱਖੀ ਕਿਰਿਆ ਹੈ ਜਿਸ ਦਾ ਮਨੋਰਥ ਭਾਵਾਂ ਤੇ ਵਿਚਾਰਾਂ ਦਾ ਸੰਚਾਰ ਕਰਨਾ ਹੈ।"

ਕਾਲਾ ਸਿੰਘ ਬੇਦੀ ਦੇ ਕਥਨ ਅਨੁਸਾਰ-

'ਭਾਸ਼ਾ ਧੁਨੀ ਸੰਕੇਤ ਦਾ ਸਮੂਹ ਹੈ,ਜਿਸ ਰਾਹੀਂ ਕਿਸੇ ਵਸਤੂ ਦੇ ਵਿਸ਼ੇ ਵਿੱਚ ਪਰਸਪਰ ਵਿਚਾਰਾਂ ਤੇ ਖਿਆਲਾਂ ਦੀ ਅਦਲਾ-ਬਦਲੀ ਕਰਦੇ ਹਾਂ।'